## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ : ਸਿ :), ਪੰਜਾਬ।

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(3704 ਅਸਾਮੀਆ ਵਿਰੁੱਧ ਸਿਲੈਕਟ ਹੋਏ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਨ ਬਾਰੇ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆ ਦੀਆ 3704 ਅਸਾਮੀਆ ਭਰਨ ਲਈ ਮਿਤੀ 28.02.2020 - 25.10.2020 ਨੂੰ ਇਸਤਿਹਾਰ ਦਿਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾ ਦੀ ਸੂਚੀ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀ ਗਈ ਸੀ। ਇਹਨਾ ਸਿਲੈਕਟ ਹੋਏ ਉਮੀਦਵਾਰਾਂ ਨੂੰ ਵੱਖ ਵੱਖ ਮਿਤੀਆਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ।

2.0 **ਜਿਹਨਾਂ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ, ਉਹਨਾ ਨੂੰ ਹੁਣ ਵਿਭਾਗ ਵਲੋ ਸਟੇਸ਼ਨ ਅਲਾਟ ਕੀਤੇ ਜਾਣੇ ਹਨ।**

3.0 ਸਾਰੇ ਨਵ-ਨਿਯੁਕਤ ਅਧਿਆਪਕਾਂ ਦੀ ਵਿਸੇ ਵਾਰ ਸਟੇਸ਼ਨ ਚੋਣ ਸੂਚੀ ਤਿਅਰ ਕੀਤੀ ਗਈ ਹੈ, ਜੋ ਕਿ ਇਸ ਨੋਟਿਸ ਨਾਲ ਨੱਥੀ ਕੀਤੀ ਜਾਂਦੀ ਹੈ। ਸਮੂਹ ਨਵ-ਨਿਯੁਕਤ ਅਧਿਆਪਕਾ ਨੂੰ ਤੈਨਾਤੀ ਲਈ ਸਟੇਸ਼ਨ ਦੀ ਚੋਣ ਇਸੇ ਚੋਣ ਸੂਚੀ ਵਿਚ ਦਰਜ ਕ੍ਰਮ ਅਨੁਸਾਰ ਕਰਵਾਈ ਜਾਵੇਗੀ।

4.0 ਹਿੰਦੀ, ਪੰਜਾਬੀ ਅਤੇ ਸਮਾਜਿਕ ਸਿਖਿਆ ਵਿਸੇ ਦੇ ਨੱਵ ਨਿਯੁਕਤ ਅਧਿਆਪਕਾਂ ਨੂੰ ਹੇਠਾਂ ਦਰਸਾਏ ਸ਼ਡਿਊਲ ਅਨੁਸਾਰ ਸਟੇਸਨ ਅਲਾਟ ਕੀਤੇ ਜਾਣੇ ਹਨ। ਇਹ ਸਟੇਸਨ Zoom App ਰਾਹੀ ਅਲਾਟ ਕੀਤੇ ਜਾਣਗੇ। ਵਿਭਾਗ ਵਲੋ ਸਾਰੇ ਨਵ ਨਿਯੁਕਤ ਅਧਿਆਪਕਾ ਦੇ ਵਿਸ਼ਾਵਾਰ ਵਟਸਐਪ ਗਰੁਪ ਪਹਿਲਾ ਤੋ ਹੀ ਬਣਾਏ ਗਏ ਹਨ। ਇਹਨਾਂ ਵਟਸਐਪ ਗਰੁਪਾਂ ਰਾਹੀ Zoom App ਦਾ ਲਿੰਕ ਨਿਸਚਿਤ ਸਮੇ ਤੇ ਭੇਜਿਆ ਜਾਵੇਗਾ।

| ਲੜੀ ਨੰ: | ਮਾਸਟਰ ਕਾਡਰ ਵਿਸਾ | ਸਟੇਸਨ ਅਲਾਟ ਕਰਨ ਦੀ ਮਿਤੀ | ਸਮਾਂ | ਜਿਨ੍ਹਾਂ ਨੂੰ ਸਟੇਸਨ ਅਲਾਟ ਕੀਤੇ ਜਾਣੇ ਹਨ |
|---|---|---|---|---|
| 1 | ਹਿੰਦੀ | 17-04-2021 | ਸਵੇਰੇ 11 ਵਜੇ | ਸਾਰੇ ਨਵ ਨਿਯੁਕਤ ਅਧਿਆਪਕ |
| 2 | ਪੰਜਾਬੀ | 17-04-2021 | ਸਵੇਰੇ 11 ਵਜੇ | ਸਾਰੇ ਨਵ ਨਿਯੁਕਤ ਅਧਿਆਪਕ |
| 3 | ਸਮਾਜਿਕ ਸਿਖਿਆ | 18-04-2021 | ਸਵੇਰੇ 11 ਵਜੇ | ਸਾਰੇ ਨਵ ਨਿਯੁਕਤ ਅਧਿਆਪਕ |

5.0 ਸਿਰਫ ਵਿਸ਼ਾ ਵਾਰ ਸਟੇਸ਼ਨ ਚੋਣ ਸੂਚੀ ਅਨੁਸਾਰ ਸਟੇਸ਼ਨ ਅਲਾਟਮੈਟ ਕੇਵਲ ਤੇ ਕੇਵਲ ਉਪਰੋਕਤ ਵਿੱਧੀ ਅਨੁਸਾਰ ਆਨ-ਲਾਇਨ ਕੀਤੀ ਜਾਵੇਗੀ। ਅਗਰ ਕੋਈ ਨਵ-ਨਿਯੁਕਤ ਅਧਿਆਪਕ ਆਪਣੇ ਸਟੇਸ਼ਨ ਅਲਾਟਮੈਂਟ ਲਈ ਉਚ ਅਧੀਕਾਰੀਆ ਪਾਸ ਕਿਸੇ ਵੀ ਤਰਾਂ ਪਹੁੰਚ ਕਰੇਗਾ ਜਾਂ ਕਿਸੇ ਵੀ ਤਰਾਂ ਸਿਫਾਰਿਸ ਕਰਵਾਏਗਾ ਤਾਂ ਉਸ ਨੂੰ ਉਸ ਦੀ ਪਸੰਦ ਅਨੁਸਾਰ ਸਟੇਸ਼ਨ ਅਲਾਟ ਨਹੀ ਕੀਤਾ ਜਾਵੇਗਾ ਅਤੇ ਵਿਭਾਗ ਵਲੋ ਉਸ ਨੂੰ ਆਪਣੇ ਆਪ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ। ਇਸ ਸਬੰਧੀ ਪਹਿਲਾ ਹੀ ਪੰਜਾਬ ਸਰਕਾਰ ਦੇ **ਸਰਕਾਰੀ ਕਰਮਚਾਰੀ (ਕੰਡਕਟ) ਰੂਲਜ, 1966** ਵਿਚ ਸਪਸ਼ਟ ਤੋਰ ਤੇ ਦਰਜ ਕੀਤਾ ਹੋਇਆ ਹੈ।

ਇਸ ਲਈ ਨੱਵ-ਨਿਯੁਕਤ ਅਧਿਆਪਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹਨਾ ਵਲੋ ਸਟੇਸ਼ਨ ਅਲਾਟਮੈਂਟ ਲਈ ਵਿਭਾਗ ਤੇ ਕਿਸੇ ਵੀ ਤਰਾਂ ਦੇ ਬਾਹਰੀ ਦਬਾਅ ਪਾਉਣ ਤੋ ਗੁਰੇਜ ਕੀਤਾ ਜਾਵੇ।

16/04/2021

ਸਹਾਇਕ ਡਾਇਰੈਕਟਰ (ਸ:ਪ੍ਰ-2)
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ: 16.04.2021